# ਮਾਡਲ ਪ੍ਰਸ਼ਨ ਪੱਤਰ

## ਗ੍ਰਹਿ ਵਿਗਿਆਨ

## ਸ਼੍ਰੇਣੀ- ਦਸਵੀਂ

## (2023-24)

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)**

1. ਪ੍ਰਸ਼ਨ ਪੱਤਰ ਵਿੱਚ ਕੁਲ 28 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆਂ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

ਭਾਗ-1 ਵਿੱਚ ਸੋਲਾਂ (16) ਵਸਤੂ ਨਿਸ਼ਨ ਪ੍ਰਸ਼ਨ (1 ਤੋਂ 16 ) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ । ਵਸਤੂਨਿਸ਼ਨ ਪ੍ਰਸ਼ਨ ਇਕ ਸ਼ਬਦ ਤੋਂ ਇਕ ਵਾਕ ਤੱਕ ਦੇ ਉਤਰ ਵਾਲੇ ਜਾਂ ਖਾਲੀ ਥਾਂ ਭਰੋ ਜਾਂ ਠੀਕ/ਗਲਤ ਜਾਂ ਬਹੁ ਭਾਂਤੀ ਉੱਤਰਾਂ ਵਾਲੇ , ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ। 16x1=16

ਭਾਗ-II ਵਿੱਚ ਅੱਠ (8) ਛੋਟੇ ਉਤਰਾਂ ਵਾਲੇ ਪ੍ਰਸ਼ਨ (17 ਤੋ 24) ਪੁੱਛੇ ਜਾਣਗੇ ,ਜਿਨ੍ਹਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਪਾਠ-ਕ੍ਰਮ ਦੇ ਹਰ ਭਾਗ ਵਿਚੋਂ ਇਕ ਪ੍ਰਸ਼ਨ ਅੰਦਰੂਨੀ ਛੋਟ ਵਾਲੇ ਹੋਣਗੇ ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ ਜਿਸ ਦਾ ਉਤਰ 60-80 ਸ਼ਬਦਾਂ ਵਿੱਚ ਹੋਵੇ। 8x3=24

ਭਾਗ-III ਵਿੱਚ ਚਾਰ(4) ਅੰਦਰੂਨੀ ਛੋਟ ਵਾਲੇ ਨਿਬੰਧਾਰਤਮ ਪ੍ਰਸ਼ਨ (25 ਤੋਂ 28 ) ਪੁੱਛੇ ਜਾਣਗੇ । ਹਰ ਪ੍ਰਸ਼ਨ 5 ਅੰਕਾਂ ਦਾ ਹੋਵੇਗਾ , ਜਿਸ ਦਾ ਉੱਤਰ 150-200 ਸ਼ਬਦਾਂ ਵਿੱਚ ਹੋਵੇ। 4x5=20

**ਵਸਤੂਨਿਸ਼ਠ ਪ੍ਰਸ਼ਨ** (16×1=16)

(1) ਗ੍ਰਹਿ ਵਿਵਸਥਾ ਦੀ ਪਰਿਭਾਸ਼ਾ ਲਿਖੋ?

(2) ਘਰ ਦੀ ਲੋੜ ਦੇ ਮੁੱਖ ਦੋ ਕਾਰਨ ਦੱਸੋ?

(3) ਘਰੇਲੂ ਕੂੜੇ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਹੁੰਦੀਆਂ ਹਨ?

(4) ਘਰ ਦੀ ਸਜਾਵਟ ਲਈ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਪ੍ਰਯੋਗ ਹੁੰਦਾ ਹੈ?

(5) ਪ੍ਰੋਟੀਨ ਕਿਹੜੇ ਤੱਤਾਂ ਦਾ ਮਿਸ਼ਰਣ ਹੈ?

(6) ਵਿਟਾਮਿਨ ਸਾਡੇ ਰੱਖਿਅਕ ਤੱਤ ਕਿਉਂ ਹਨ?

(7) ਭੋਜਨ ਦੀ ਪਰਿਭਾਸ਼ਾ ਲਿਖੋ?

(8) ਸਬਜ਼ੀਆਂ ਵਿੱਚ ਕਿਹੜੇ-ਕਿਹੜੇ ਪੋਸ਼ਟਿਕ ਤੱਤ ਹੁੰਦੇ ਹਨ?

(9) ਪਰਿਵਾਰ ਦੀਆਂ ਮੁੱਖ ਕਿਸਮਾਂ ਕਿਹੜੀਆਂ ਹਨ?

(10) ਪਰਿਵਾਰ ਸਮਾਜ ਦੀ ................ ਇਕਾਈ ਹੈ।

(11) ਗਰਭ ਅਵਸਥਾ ਨੂੰ ਕਿੰਨੇ ਭਾਗਾਂ ਵਿੱਚ ਵੰਡ ਸਕਦੇ ਹਾਂ?

(12) ਪਲੈਸੈਂਟਾਂ ਕੀ ਹੁੰਦਾ ਹੈ?

(13) ਸਿਲਕ ਨੂੰ ਰੇਸ਼ਿਆਂ ਦੀ ......... ਕਿਹਾ ਜਾਂਦਾ ਹੈ।

(14) ਗਰਮੀਆਂ ਵਿੱਚ .......... ਤੋਂ ਬਣੇ ਕੱਪੜੇ ਪਹਿਨੇ ਜਾਂਦੇ ਹਨ।

(15) ਥਰਮੋਪਲਾਸਟਿਕ ਰੇਸ਼ਿਆਂ ਤੋਂ ਕੀ ਭਾਵ ਹੈ?

(16) ਸੈਲੂਲੋਜ਼ ਰੇਸ਼ੇ ਕਿਹੜੇ ਹੁੰਦੇ ਹਨ?

ਛੋਟੇ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ। $(8 \times 3 = 24)$

(17) ਕੂੜਾ-ਕਰਕਟ ਤੋਂ ਖਾਦ ਕਿਵੇਂ ਬਣਾਈ ਜਾਂਦੀ ਹੈ?

(18) ਉਪਚਾਰਿਕ ਅਤੇ ਅਣ-ਉਪਚਾਰਿਕ ਸੰਤੁਲਨ ਵਿੱਚ ਕੀ ਅੰਤਰ ਹੈ?

ਜਾਂ

ਪਰਦੇ ਲਗਾਉਣ ਦੇ ਕੀ ਲਾਭ ਹਨ? ਪਰਦਿਆਂ ਲਈ ਕਿਹੋ ਜਿਹਾ ਕੱਪੜਾ ਖਰੀਦਣਾ ਚਾਹੀਦਾ ਹੈ?

(19) ਕਾਰਬੋਹਾਈਡ੍ਰੇਟਸ ਸਰੀਰ ਵਿੱਚ ਕੀ ਕੰਮ ਕਰਦੇ ਹਨ?

(20) ਵਿਟਾਮਿਨ ਏ ਦਾ ਮੁੱਖ ਕੰਮ ਕੀ ਹੈ? ਇਸ ਦੀ ਪ੍ਰਾਪਤੀ ਦੇ ਸ੍ਰੋਤ ਲਿਖੋ।

ਜਾਂ

ਕਿਸੇ ਤਿੰਨ ਭੋਜਨ ਸਮੂਹਾਂ ਦੇ ਖੁਰਾਕੀ ਤੱਤਾਂ ਬਾਰੇ ਲਿਖੋ।

(21) ਸੰਯੁਕਤ ਪਰਿਵਾਰ ਹੋਣ ਦੇ ਕੀ ਨੁਕਸਾਨ ਹਨ?

(22) ਗਰਭ ਅਵਸਥਾ ਦੇ ਸਮੇਂ ਭਰੂਣ ਤੇ ਅਸਰ ਪਾਉਣ ਵਾਲੇ ਕਾਰਕ ਦੱਸੋ।

ਜਾਂ

ਬੱਚਿਆਂ ਵਿੱਚ ਫਾਸਲਾ ਰੱਖਣ ਦਾ ਕੀ ਮਹੱਤਵ ਹੈ?

(23) ਰੇਸ਼ਿਆਂ ਦੀ ਪ੍ਰਾਪਤੀ ਦੇ ਸਾਧਨ ਅਨੁਸਾਰ ਰੇਸ਼ਿਆਂ ਦਾ ਵਰਗੀਕਰਨ ਕਰੋ।

(24) ਲਿਨਨ ਕਿਹੋ ਜਿਹਾ ਰੇਸ਼ਾ ਹੈ? ਇਸ ਦੇ ਕੀ ਗੁਣ ਹਨ?

ਜਾਂ

ਧਾਤਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ-ਕਿਹੜੇ ਹਨ? ਉਹਨਾਂ ਬਾਰੇ ਦੱਸੋ।

ਨਿੰਬਧਾਤਮਕ ਪ੍ਰਸ਼ਨਾਂ ਦੇ ਉੱਤਰ ਲਿਖੋ। ($4\times5=20$)

(25) ਚੰਗੇ ਪ੍ਰਬੰਧਕ ਵਿੱਚ ਕੀ ਗੁਣ ਹੋਣੇ ਜ਼ਰੂਰੀ ਹਨ?

ਜਾਂ

ਡਿਜ਼ਾਇਨ ਦੇ ਮੂਲ ਸਿਧਾਂਤ ਕਿਹੜੇ ਹਨ? ਇਹਨਾਂ ਬਾਰੇ ਪਤਾ ਹੋਣਾ ਕਿਉਂ ਜ਼ਰੂਰੀ ਹੈ?

(26) ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨ ਕਿਹੜੇ ਹਨ, ਸਾਡੇ ਸਰੀਰ ਵਿੱਚ ਕੀ ਕੰਮ ਕਰਦੇ ਹਨ ਅਤੇ ਕਿੱਥੋਂ ਪ੍ਰਾਪਤ ਕੀਤੇ ਜਾ ਸਕਦੇ ਹਨ?

ਜਾਂ

ਸੰਤੁਲਿਤ ਭੋਜਨ ਦੀ ਮਾਤਰਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਦੱਸੋ।

(27) ਆਰਥਿਕ ਖੁਸ਼ਹਾਲੀ ਲਈ ਬੱਚਿਆਂ ਵਿੱਚ ਫਾਸਲਾ ਹੋਣਾ ਕਿਉਂ ਜ਼ਰੂਰੀ ਹੈ?

ਜਾਂ

ਗਰਭ ਅਵਸਥਾ ਦੌਰਾਨ ਭਰੂਣ ਦੀਆਂ ਵੱਖ-ਵੱਖ ਅਵਸਥਾਵਾਂ ਬਾਰੇ ਲਿਖੋ।

(28) ਕੁਦਰਤ ਵਿੱਚ ਮਿਲਣ ਵਾਲੇ ਰੇਸ਼ੇ ਕਿਹੜੇ ਹਨ? ਕਿਸੇ ਇੱਕ ਰੇਸ਼ੇ ਦੀ ਵਿਸ਼ੇਸ਼ਤਾ, ਰਚਨਾ ਅਤੇ ਦੇਖਭਾਲ ਦੱਸੋ।

ਜਾਂ

ਥਰਮੋਪਲਾਸਟਿਕ ਰੇਸ਼ੇ ਕੀ ਹੁੰਦੇ ਹਨ? ਇਹਨਾਂ ਦੀ ਵਰਤੋਂ ਅਤੇ ਵਿਸ਼ੇਸ਼ਤਾਵਾਂ ਦੱਸੋ।